# ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
# ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਐਸ.ਸੀ.ਓ. ਨੰ: 162-164, ਤੀਜੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ ਫੋਨ : 0172-5043254, 5043256

ਵੱਲ

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ)
ਪੰਜਾਬ।

ਮੀਮੋ ਨੰ: ਡਿ.ਐਸ.ਪੀ.ਡੀ/ਆਰ.ਐਮ.ਐਸ.ਏ./2010/**R053716**
ਮਿਤੀ, ਚੰਡੀਗੜ੍ਹ : 25-08-2010

ਵਿਸ਼ਾ : ਅਨੁਸੂਚਿਤ ਜਾਤੀ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਲਈ ਚਲਦੀਆਂ ਭਲਾਈ ਸਕੀਮਾਂ ਅਧੀਨ ਵਜੀਫਿਆਂ ਸੰਬੰਧੀ ਦਿਸ਼ਾ-ਨਿਰਦੇਸ਼।

ਹਵਾਲਾ : ਮੀਮੋ ਨੰ: ਡਿ.ਐਸ.ਪੀ.ਡੀ./ਆਰ.ਐਮ.ਐਸ.ਏ/2010/51501, ਮਿਤੀ ਚੰਡੀਗੜ੍ਹ : 09/08-2010 ਸੰਬੰਧੀ।

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਵੱਲ ਵਿਸ਼ੇਸ਼ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਸਾਰੇ ਜਾਣਦੇ ਹੀ ਹੋ ਕਿ ਪੰਜਾਬ ਸਰਕਾਰ ਦੇ ਭਲਾਈ ਵਿਭਾਗ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਪਹਿਲੀ ਤੋਂ 12ਵੀਂ ਜਮਾਤ ਤੱਕ ਦੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਯੋਗ ਵਿਦਿਆਰਥੀਆਂ ਲਈ ਵੱਖ-ਵੱਖ ਸਕੀਮਾਂ ਅਧੀਨ ਵਜੀਫ਼ੇ ਦਿੱਤੇ ਜਾਂਦੇ ਹਨ, ਪ੍ਰੰਤੂ ਦਫ਼ਤਰ ਨੂੰ ਪ੍ਰਾਪਤ ਸੂਚਨਾ ਅਨੁਸਾਰ 2010-11 ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ ਸਕੂਲ ਮੁੱਖੀਆਂ ਦੀ ਲਾਪਰਵਾਹੀ ਕਾਰਨ ਬਹੁਤ ਸਾਰੇ ਵਿਦਿਆਰਥੀ ਇਹਨਾਂ ਭਲਾਈ ਸਕੀਮਾਂ ਤੋਂ ਵਾਂਝੇ ਰਹਿ ਸਕਦੇ ਹਨ, ਜਿਸ ਦਾ ਕਿ ਮੁੱਖ ਦਫ਼ਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ।

3.0 ਇਸ ਪੱਤਰ ਰਾਹੀਂ ਆਪ ਨੂੰ ਹੇਠ ਲਿਖੇ ਅਨੁਸਾਰ ਭਲਾਈ ਸਕੀਮਾਂ ਲਈ ਤਜਵੀਜ਼ ਭੇਜਣ ਦਾ ਸਡਿਊਲ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਹਰੇਕ ਸਾਲ ਹੇਠਾਂ ਦਿੱਤੀ ਸਾਰਣੀ ਵਿੱਚ ਦਰਸਾਈਆਂ ਮਿਤੀਆਂ ਅਨੁਸਾਰ ਇਹ ਤਜਵੀਜ਼ਾਂ ਭੇਜੇ ਜਾਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਸਾਲ ਦੀਆਂ ਤਜਵੀਜ਼ਾਂ ਸੰਬੰਧੀ ਪਹਿਲ ਦੇ ਆਧਾਰ ਤੇ ਕਾਰਵਾਈ ਕਰਦੇ ਹੋਏ ਇਕ ਹਫ਼ਤੇ ਦੇ ਅੰਦਰ-ਅੰਦਰ ਇਹ ਤਜਵੀਜ਼ਾਂ ਦਫਤਰ ਨੂੰ ਪਹੁੰਚਦੀਆਂ ਕੀਤੀਆਂ ਜਾਣ:-

| ਲੜੀ ਨੰ: | ਸਕੀਮ ਦਾ ਨਾਂ | ਰੇਟ | ਆਮਦਨ ਹੱਦ | ਸਕੂਲ ਮੁੱਖੀ ਵੱਲੋਂ ਵਿਦਿਆਰਥੀਆਂ ਦੇ ਵੇਰਵੇ ਅਤੇ ਤਜਵੀਜ਼ ਭੇਜਣ ਦੀ ਆਖਰੀ ਮਿਤੀ | ਜ਼ਿ.ਸਿੱ.ਅ. ਵੱਲੋਂ ਸਮੁੱਚੀ ਤਜਵੀਜ਼ ਭੇਜਣ ਦੀ ਆਖਰੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|
| 1. | **ਰਾਜ ਵਿੱਦਿਅਕ ਭਲਾਈ ਸਕੀਮ** | 6ਵੀਂ ਤੋਂ 8ਵੀਂ ਲੜਕੇ 30/- ਰੁਪਏ ਪ੍ਰਤੀ ਮਹੀਨਾ<br>9ਵੀਂ ਤੋਂ 10ਵੀਂ ਡਵੀਜ਼ਨ ਅਨੁਸਾਰ ਰੇਟ ਪਹਿਲੀ ਪੁਜੀਸ਼ਨ 75/- ਰੁਪਏ, ਦੂਜੀ ਪੁਜੀਸ਼ਨ 60/- ਰੁਪਏ,<br>ਤੀਜੀ ਪੁਜੀਸ਼ਨ 50/- ਰੁਪਏ | 50,000/- ਰੁਪਏ | 10 ਮਈ | 15 ਮਈ | |
| 2. | **ਪੋਸਟ ਮੈਟ੍ਰਿਕ ਵਜ਼ੀਫਾ ਸਕੀਮ** | 11ਵੀਂ ਤੋਂ 12ਵੀਂ ਰੇਟ 140/- ਰੁਪਏ | 1 ਲੱਖ | 11ਵੀਂ ਜਮਾਤ ਲਈ 10 ਜੁਲਾਈ<br>12ਵੀਂ ਜਮਾਤ ਲਈ 10 ਮਈ | 15 ਜੁਲਾਈ<br>15 ਮਈ | |
| 3. | **ਮਲੀਨ ਧੰਦਾ ਕਰਨ ਵਾਲੇ** | ਪਹਿਲੀ ਤੋਂ 10ਵੀਂ ਰੇਟ 110/- ਰੁਪਏ ਪ੍ਰਤੀ ਮਹੀਨਾ (ਦੱਸ ਮਹੀਨਿਆਂ ਲਈ)<br>ਐਡਹਾਕ ਗਰਾਂਟ 750/- ਰੁਪਏ | ਇਕ ਪਰਿਵਾਰ ਦੇ ਦੋ ਵੱਧ ਵਿਦਿਆਰਥੀਆਂ ਨੂੰ ਨਹੀਂ ਮਿਲਦਾ ਅਤੇ ਵਿਦਿਆਰੀਆਂ ਦੇ ਮਾਪਿਆਂ ਵਿਚੋਂ ਕੋਈ ਸਰਕਾਰੀ ਮੁਲਾਜ਼ਮ ਨਹੀਂ ਹੋਣਾ ਚਾਹੀਦਾ। | ਪਹਿਲੀ ਤੋਂ 10ਵੀਂ ਅਤੇ 12ਵੀਂ ਲਈ 10 ਮਈ<br>11ਵੀਂ ਜਮਾਤ ਲਈ 10 ਜੁਲਾਈ | 15 ਮਈ<br>15 ਜੁਲਾਈ | ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਭਲਾਈ ਅਫ਼ਸਰ ਨੂੰ ਭੇਜੀ ਜਾਣੀ ਹੈ। |
| 4. | **ਅਨੁਸੂਚਿਤ ਜਾਤੀ ਦੇ** | 6ਵੀਂ ਤੋਂ 12ਵੀਂ ਰੇਟ 100/- ਰੁਪਏ | | 10 ਜੁਲਾਈ | 15 ਜੁਲਾਈ | |

| | | | | | |
|---|---|---|---|---|---|
| | ਹੋਸ਼ਿਆਰ ਵਿਦਿਆਰਥੀਆਂ ਨੂੰ ਇਨਾਮ ਦੇਣ ਦੀ ਸਕੀਮ | (ਅਨੁਸੂਚਿਤ ਜਾਤੀ ਦੇ 5ਵੀਂ, 8ਵੀਂ ਅਤੇ 10ਵੀਂ ਜਮਾਤ ਦੇ ਵਿਦਿਆਰਥੀਆਂ ਵਿਚੋਂ ਹਰ ਐਜੂਕੇਸ਼ਨਲ ਬਲਾਕ ਵਿੱਚ 3 ਲੜਕੇ ਅਤੇ 3 ਲੜਕੀਆਂ ਵਜੀਫ਼ੇ ਲਈ ਚੁਣੀਆਂ ਜਾਂਦੀਆਂ ਹਨ ਅਤੇ ਇਹ ਐਵਾਰਡ ਕ੍ਰਮਵਾਰ 3 ਸਾਲ, 2 ਸਾਲ ਅਤੇ 2 ਸਾਲਾਂ ਤੱਕ ਦਿੱਤਾ ਜਾਂਦਾ ਹੈ।) | | | | |
| 5. | ਪੋਸਟ ਮੈਟ੍ਰਿਕ ਜਮਾਤਾਂ ਵਿੱਚ ਪੜ੍ਹਦੀਆਂ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਸਪੈਸ਼ਲ ਗਰਾਂਟ ਦੇਣ ਦੀ ਸਕੀਮ | 11ਵੀ ਅਤੇ 12ਵੀਂ ਰੇਟ 50/- ਰੁਪਏ ਪ੍ਰਤੀ ਮਹੀਨਾ | 60965/- ਰੁਪਏ | 11ਵੀਂ ਜਮਾਤ ਲਈ 10 ਜੁਲਾਈ<br>12ਵੀਂ ਜਮਾਤ ਲਈ 10 ਮਈ | 15 ਜੁਲਾਈ<br>15 ਮਈ | |
| 6. | ਰਾਜ ਵਿੱਦਿਅਕ ਭਲਾਈ ਸਕੀਮ ਤਹਿਤ ਪ੍ਰੀਖਿਆ ਫੀਸਾਂ ਦੀ ਪ੍ਰਤੀ-ਪੂਰਤੀ | ਇਹ ਸਹੂਲਤ ਉਹਨਾਂ ਵਿਦਿਆਰਥੀਆਂ ਨੂੰ ਦਿੱਤੀ ਜਾਣੀ ਹੈ, ਜਿਹਨਾਂ ਨੂੰ ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਨਹੀਂ ਕੀਤਾ ਗਿਆ ਹੈ। | ਅਨੁਸੂਚਿਤ ਜਾਤੀ ਲਈ 50,000/- ਰੁਪਏ, ਪਛੜੀ ਸ਼੍ਰੇਣੀਆਂ ਲਈ 24,000/- ਰੁਪਏ ਸਾਲਾਨਾ ਤੋਂ ਵੱਧ ਨਾ ਹੋਵੇ। | 10 ਮਈ | 15 ਮਈ | |
| 7. | ਪੋਸਟ ਮੈਟ੍ਰਿਕ ਹੋਰ ਪਛੜੀਆਂ ਸ਼੍ਰੇਣੀਆਂ ਸਕੀਮ | 11ਵੀਂ ਤੋਂ 12ਵੀਂ ਰੇਟ 90/- ਰੁਪਏ ਪ੍ਰਤੀ ਮਹੀਨਾ | 44500/- ਰੁਪਏ | 11ਵੀਂ ਜਮਾਤ ਲਈ 10 ਜੁਲਾਈ<br>12ਵੀਂ ਜਮਾਤ ਲਈ 10 ਮਈ | 15 ਜੁਲਾਈ<br>15 ਮਈ | |
| 8. | ਪ੍ਰੀ-ਮੈਟ੍ਰਿਕ ਹੋਰ ਪਛੜੀਆਂ ਸ਼੍ਰੇਣੀਆਂ ਸਕੀਮ | 6ਵੀਂ ਤੋਂ 8ਵੀਂ ਰੇਟ 40/- ਰੁਪਏ ਪ੍ਰਤੀ ਮਹੀਨਾ<br>9ਵੀਂ ਤੋਂ 10ਵੀਂ ਰੇਟ 50/- ਰੁਪਏ ਪ੍ਰਤੀ ਮਹੀਨਾ<br>(ਐਡਹਾਕ ਗਰਾਂਟ 500/- ਰੁਪਏ) | 44500/- ਰੁਪਏ | 10 ਮਈ | 15 ਮਈ | ਜ਼ਿਲ੍ਹਾ ਪੱਧਰ ਤੇ ਜ਼ਿਲ੍ਹਾ ਭਲਾਈ ਅਫ਼ਸਰ ਨੂੰ ਭੇਜੀ ਜਾਣੀ ਹੈ। |
| 9. | ਵਿਮੁਕਤ ਜਾਤੀਆਂ/ਡੀਨੋਟੀ ਫਾਈਡ ਟਾਰਾਈਬਜ | 8ਵੀਂ ਰੇਟ 40/- ਰੁਪਏ ਪ੍ਰਤੀ ਮਹੀਨਾ<br>ਹਾਈ/ਸੈਕੰਡਰੀ ਰੇਟ 63/- ਰੁਪਏ ਪ੍ਰਤੀ ਮਹੀਨਾ | 5,000/- ਰੁਪਏ, ਜ਼ਮੀਨ ਦਾ ਸਾਲਾਨਾ ਕਰ 1000/- ਰੁਪਏ ਤੋਂ ਵੱਧ ਨਾ ਦੇਂਦੇ ਹੋਣ। | ਪਹਿਲੀ ਤੋਂ 10ਵੀਂ ਅਤੇ 12ਵੀਂ ਲਈ 10 ਮਈ<br>11ਵੀਂ ਜਮਾਤ ਲਈ 10 ਜੁਲਾਈ | 15 ਮਈ<br>15 ਜੁਲਾਈ | |
| 10. | ਪਹਿਲੀ ਤੋਂ ਪੰਜਵੀਂ ਸ਼੍ਰੇਣੀ ਦੀਆਂ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਦੀ ਹਾਜ਼ਰੀ ਵਜੀਫਾ | 50/- ਰੁਪਏ ਪ੍ਰਤੀ ਮਹੀਨਾ | --- | 10 ਮਈ | 15 ਮਈ | |

4.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ: ਡਿ.ਐਸ.ਪੀ.ਡੀ/ਆਰ.ਐਮ.ਐਸ.ਏ./2010/ ਉਕਤ ਮਿਤੀ, ਚੰਡੀਗੜ੍ਹ 25-08-2010

ਉਤਾਰਾ :

1. ਡਾਇਰੈਕਟਰ ਭਲਾਈ ਵਿਭਾਗ, ਪੰਜਾਬ।
2. ਡੀ.ਪੀ.ਆਈ. (ਐ.ਸਿੱ./ਸੈ.ਸਿੱ) ਪੰਜਾਬ।
3. ਸਮੂਹ ਸਰਕਾਰੀ ਪ੍ਰਾਇ/ਮਿਡਲ/ਹਾਈ/ਸੀਨੀ. ਸੈਕੰਡਰੀ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ